# ਵਿਆਖਿਆ-ਸ਼ਾਸਤਰ ਦੀ ਪਰੰਪਰਾ ਅਤੇ ਗੁਰਬਾਣੀ

ਜਗਬੀਰ ਸਿੰਘ*

ਵਿਆਖਿਆ-ਸ਼ਾਸਤਰ ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸੰਬੰਧਿਤ ਅਨੁਸ਼ਾਸਨ ਹੈ। ਵਿਆਖਿਆ ਅੰਗ੍ਰੇਜ਼ੀ ਦੇ ਸ਼ਬਦ ਇੰਟਰਪ੍ਰਿਟੇਸ਼ਨ (*interpretation*) ਦਾ ਸਮਾਨਾਰਥਕ ਹੈ। ਇਸ ਦੀ ਵਰਤੋਂ ਆਮ ਤੌਰ ਤੇ ਕਿਸੇ ਸਾਹਿਤਕ ਜਾਂ ਸਭਿਆਚਾਰਕ ਪਾਠ ਦੇ ਅਰਥਾਂ ਨੂੰ ਨਿਰਧਾਰਿਤ ਜਾਂ ਸਪਸ਼ਟ ਕਰਨ ਲਈ ਕੀਤੀ ਜਾਂਦੀ ਹੈ। ਇਸ ਦਾ ਮੁੱਖ ਉਦੇਸ਼ ਮਾਨਵ-ਸਿਰਜਿਤ ਪਾਠਾਂ ਦੀ ਤਰਕ-ਸੰਗਤ ਵਿਆਖਿਆ ਕਰਨਾ ਜਾਂ ਉਨ੍ਹਾਂ ਦੇ ਅਰਥਾਂ ਨੂੰ ਸਪਸ਼ਟ ਕਰਨਾ ਹੈ। ਪੱਛਮੀ ਚਿੰਤਨ ਦੀ ਪਰੰਪਰਾ ਵਿਚ ਵਿਆਖਿਆ ਨਾਲ ਸੰਬੰਧਿਤ ਦੋ ਸ਼ਬਦ ਹੋਰ ਹਨ – ਐਕਸਿਜੈਸਿਸ (*Exegesis*) ਅਤੇ ਹਰਮਿਨਿਊਟਿਕਸ (*Hermeneutics*)।ਇਹ ਦੋਵੇਂ ਸ਼ਬਦ ਤਕਨੀਕੀ ਅਰਥਾਂ ਦੇ ਲਖਾਇਕ ਹਨ। ਐਕਸਿਜੈਸਿਸ ਸ਼ਬਦ ਦੀ ਵਰਤੋਂ ਆਮ ਤੌਰ ਤੇ ਕਿਸੇ ਪਾਠ ਦੀ ਵਿਆਖਿਆਕਾਰੀ ਦੇ ਅਰਥਾਂ ਵਿਚ ਕੀਤੀ ਜਾਂਦੀ ਹੈ। ਇਸ ਦਾ ਵਿਕਾਸ ਮੂਲ ਰੂਪ ਵਿਚ ਸਾਮੀ ਸਭਿਆਚਾਰ ਦੇ ਪਾਵਨ-ਪਾਠਾਂ ਦੀ ਵਿਆਖਿਆਰੀ ਦੇ ਸੰਦਰਭ ਵਿਚ ਸਾਹਮਣੇ ਆਇਆ ਹੈ। ਇਸ ਦੇ ਮੁਕਾਬਲੇ ਤੇ ਹਰਮਿਨਿਊਟਿਕਸ ਸ਼ਬਦ ਦੀ ਵਰਤੋਂ ਵਿਆਖਿਆਕਾਰੀ ਦੇ ਪਿਛੋਕੜ ਵਿਚ ਕਾਰਜਸ਼ੀਲ ਨੇਮਾਂ ਅਤੇ ਸਿਧਾਂਤਾਂ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਜੇ ਐਕਸਿਜੈਸਿਸ ਵਿਆਖਿਆਕਾਰੀ ਦੀ ਕਲਾ ਜਾਂ ਉਸ ਦੇ ਆਧਿਐਨ ਕਾਰਜ ਵਲ ਸੰਕੇਤ ਕਰਦਾ ਹੈ ਤਾਂ ਹਰਮਿਨਿਊਟਿਕਸ ਉਸ ਵਿਆਖਿਆ ਦੇ ਸਿਧਾਂਤ ਜਾਂ ਸ਼ਾਸਤਰ ਵਲ ਸੰਕੇਤ ਕਰਦਾ ਹੈ ਜਿਸ ਨੂੰ ਮੁੱਖ ਰੱਖ ਕੇ ਕਿਸੇ ਪਾਠ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ ਦੋਵੇਂ ਸ਼ਬਦ ਵਿਆਖਿਆ ਦੇ ਵਿਹਾਰਕ ਅਤੇ ਸਿਧਾਂਤਕ ਪੱਖ ਵਲ ਸੰਕੇਤ ਕਰਦੇ ਹਨ।

ਹਰ ਸਮਾਜ-ਸਭਿਆਚਾਰ ਆਪਣੇ ਆਲ-ਦੁਆਲੇ ਦੇ ਜੀਵਨ ਅਤੇ ਯਥਾਰਥ ਨਾਲ ਪ੍ਰਤੱਖਣ ਅਤੇ ਪ੍ਰਗਟਾਵੇ ਦਾ ਰਿਸ਼ਤਾ ਜੋੜਦਾ ਹੈ। ਗਿਆਨ-ਇੰਦਰੀਆਂ ਦੀ ਸਹਾਇਤਾ ਨਾਲ ਪ੍ਰਤੱਖ ਹੋਇਆ ਇਹ ਅਨੁਭਵ ਅਤੇ ਗਿਆਨ ਭਾਸ਼ਾ ਦੇ ਮਾਧਿਅਮ ਰਾਹੀਂ ਸੰਚਾਰਿਤ ਹੁੰਦਾ ਹੈ ਅਤੇ ਅਰਥ-ਸਾਰਥਕਤਾ ਦੇ ਰੂਪ ਵਿਚ ਸਮੁੱਚੇ ਭਾਈਚਾਰੇ ਦੀ ਸਮੂਹਕ ਸਮਝ ਅਤੇ ਸੂਝ ਦਾ ਆਧਾਰ ਬਣਦਾ ਹੈ। ਇਸ ਤਰ੍ਹਾਂ ਸਾਮੂਹਕ ਧਰਾਤਲ ਉੱਤੇ ਯਥਾਰਥ ਦੇ ਅਨੁਭਵ ਅਤੇ ਬੋਧ ਦਾ ਅਰਥ ਨਿਰਧਾਰਿਤ ਕਰਨ ਅਤੇ ਉਸ ਦੀ ਵਿਆਖਿਆ ਕਰਨ ਦਾ ਅਮਲ ਵੀ ਨਾਲੋ-ਨਾਲ ਤੁਰਦਾ ਹੈ। ਇਸੇ ਅਮਲ ਦੇ ਸਿੱਟੇ ਵਜੋਂ ਕਿਸੇ ਸਮਾਜ-ਸਭਿਆਚਾਰ ਦੇ ਜੀਵਨ-ਅਨੁਭਵ ਦੀ ਤਰਜਮਾਨੀ ਕਰਨ ਵਾਲੀਆਂ ਲਿਖਤਾਂ ਜਾਂ ਪਾਠ ਹੋਂਦ ਵਿਚ ਆਉਂਦੇ ਹਨ ਅਤੇ ਨਾਲ ਹੀ ਉਨ੍ਹਾਂ ਪਾਠਾਂ ਦਾ ਅਰਥ ਨਿਰਧਾਰਿਤ ਕਰਨ ਵਾਲੀਆਂ ਸਾਂਝੀਆਂ ਵਿਧੀਆਂ ਅਤੇ ਜੁਗਤਾਂ ਵੀ ਸਾਹਮਣੇ ਆਉਂਦੀਆਂ ਹਨ। ਇਹੀ ਉਹ ਮਾਹੌਲ ਹੈ ਜਿਸਦੇ ਅੰਤਰਗਤ ਕੋਈ ਮਨੁੱਖੀ ਭਾਈਚਾਰਾ ਆਪਣੇ ਵਿਰਸੇ ਦੇ ਪਾਠਾਂ ਦੀ ਵਿਆਖਿਆ ਲਈ ਪ੍ਰਾਸੰਗਿਕ ਵਿਆਖਿਆ-ਸ਼ਾਸਤਰ ਦੀ ਉਸਾਰੀ ਵਲ ਰੁਚਿਤ ਹੁੰਦਾ ਹੈ।

*ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਭਾਰਤੀ ਵਿਆਖਿਆ-ਸ਼ਾਸਤਰ ਦੀ ਪਰੰਪਰਾ ਦਾ ਆਰੰਭ ਵੈਦਿਕ ਸਾਹਿਤ ਦੀ ਵਿਆਖਿਆਕਾਰੀ ਨਾਲ ਹੁੰਦਾ ਹੈ। ਇਸ ਸੰਦਰਭ ਵਿਚਸਭ ਤੋਂ ਪਹਿਲਾਂ ਵੇਦਾਂਗਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਦਾ ਮੁੱਖ ਮਨੋਰਥ ਵੈਦਿਕ ਸੰਹਿਤਾਵਾਂ ਦੀ ਭਾਸ਼ਾ ਅਤੇ ਉਸ ਵਿਚਲੇ ਕਰਮ-ਕਾਂਡ ਨਾਲ ਹੈ। ਇਨ੍ਹਾਂ ਵਿਚਸਿਕਸ਼ਾ,ਕਲਪ,ਨਿਰੁਕਤ, ਵਿਆਕਰਨ, ਛੰਦਅਤੇ ਜੋਤਿਸ਼ ਸ਼ਾਮਿਲ ਹਨ ਜੋ ਆਪੋ ਆਪਣੇ ਢੰਗ ਨਾਲ ਅਰਥ-ਸੰਚਾਰ ਦੇ ਨੁਕਤੇ ਤੋਂ ਵੇਦ-ਮੰਤਰਾਂ ਦੀ ਭਾਸ਼ਾ ਅਤੇ ਉਸ ਨਾਲ ਸੰਬੰਧਿਤ ਕਰਮ-ਕਾਂਡ ਦਾ ਵਿਸ਼ਲੇਸ਼ਣ ਕਰਦੇ ਹਨ। ਇਸ ਤੋਂ ਇਲਾਵਾ ਇਹ ਅਨੁਸ਼ਾਸਨ ਵੇਦ-ਮੰਤਰਾਂ ਨਾਲ ਜੁੜੇ ਮਿਥਿਹਾਸਕ ਤੱਤਾਂ ਅਤੇ ਕਰਮ-ਕਾਂਡ ਨੂੰ ਸਪਸ਼ਟ ਕਰਨ ਜਾਂ ਪ੍ਰਾਸੰਗਿਕ ਬਣਾਉਣ ਵਲ ਵੀ ਰੁਚਿਤ ਹੁੰਦੇ ਹਨ। ਵੇਦ-ਮੰਤਰਾਂ ਦੀ ਭਾਸ਼ਾ, ਨਿਤ-ਵਰਤੋਂ ਦੀ ਵਿਹਾਰਕ ਭਾਸ਼ਾ ਨਾਲੋਂ ਵੱਖਰੀ ਹੈ। ਇਹ ਭਾਸ਼ਾ ਵਧੇਰੇ ਰਹੱਸਾਤਮਕ,ਧੁੰਦਲੇ ਅਰਥਾਂ ਵਾਲੀ ਅਤੇ ਅਸਪਸ਼ਟ ਭਾਸ਼ਾ ਹੈ ਜਿਸਦਾ ਸਹੀ ਅਰਥ ਨਿਰਧਾਰਿਤ ਕਰਨ ਵਿਚ ਦਿੱਕਤ ਪੇਸ਼ ਆਉਂਦੀ ਹੈ। ਇਸੇ ਤਰ੍ਹਾਂ ਵੈਦਿਕ ਕਰਮ-ਕਾਂਡ ਵੀ ਸੌਖੀ ਤਰ੍ਹਾਂ ਸਮਝ ਆ ਸਕਣ ਵਾਲਾ ਵਿਹਾਰ ਨਹੀਂ। ਵੇਦਾਂਗਾਂ ਦੇ ਅੰਤਰਗਤ ਇਨ੍ਹਾਂ ਮਸਲਿਆਂ ਨਾਲ ਸਰੋਕਾਰ ਜੋੜਿਆ ਜਾਂਦਾ ਹੈ। ਇਹ ਮੰਤਰ-ਭਾਸ਼ਾ ਅਤੇ ਕਰਮ-ਕਾਂਡ ਨੂੰ ਸਪਸ਼ਟ ਕਰਨ ਅਤੇ ਉਸ ਦੀ ਪ੍ਰਾਸੰਗਿਕਤਾ ਨਿਰਧਾਰਿਤ ਕਰਨ ਵਿਚ ਸਹਾਇਤਾ ਕਰਦੇ ਹਨ। ਮਿਸਾਲ ਵਜੋਂ ਨਿਰੁਕਤ ਦਾ ਸੰਬੰਧ ਸ਼ਬਦਾਂ ਦੀ ਵਿਉਤਪੱਤੀ-ਮੂਲਕ ਵਿਆਖਿਆ ਨਾਲ ਹੈ ਜੋ ਕਿਸੇ ਸ਼ਬਦ ਦਾ ਸਪਸ਼ਟ ਕਰਨ ਲਈ ਉਸ ਦੀ ਧਾਤੂ ਨੂੰ ਆਧਾਰ ਬਣਾਉਂਦੀ ਹੈ। ਵਿਆਕਰਨ ਦਾ ਮਨੋਰਥ ਭਾਸ਼ਾ ਦੇ ਨੇਮਾਂ ਅਤੇ ਸਿਧਾਂਤਾਂ ਨੂੰ ਸਪਸ਼ਟ ਕਰਨਾ ਹੈ। ਇਸੇ ਤਰ੍ਹਾਂ ਸਿਕਸ਼ਾ ਦਾ ਸੰਬੰਧ ਸ਼ਬਦਾਂ ਦੇ ਧੁਨੀ-ਵਿਗਿਆਨਕ ਪੱਖ ਅਥਵਾ ਉੱਚਾਰਨ ਨਾਲ ਹੈ ਅਤੇ ਛੰਦ ਦਾ ਸੰਬੰਧ ਇਸਦੇ ਛੰਦ-ਵਿਧਾਨ ਨਾਲ। ਜੋਤਿਸ਼ ਅਤੇ ਕਲਪ ਦੋ ਅਜਿਹੇ ਅਨੁਸ਼ਾਸਨ ਹਨ ਜੋ ਵੈਦਿਕ ਕਰਮ-ਕਾਂਡ ਨਾਲ ਸੰਬੰਧਿਤ ਹਨ। ਇਨ੍ਹਾਂ ਦਾ ਮਨੋਰਥ ਕਰਮ-ਕਾਂਡ ਨਾਲ ਜੁੜੇ ਵਿਹਾਰਾਂ ਅਤੇ ਵੇਰਵਿਆਂ ਨੂੰ ਸਪਸ਼ਟ ਕਰਨ ਜਾਂ ਨਿਰਧਾਰਿਤ ਕਰਨ ਨਾਲ ਹੈ।

ਸ਼ਾਸਤਰੀ ਵਿਆਖਿਆ-ਪਰੰਪਰਾ ਦੇ ਸਾਹਮਣੇ ਤਿੰਨ ਮੁੱਖ ਕਾਰਜ ਹੁੰਦੇ ਹਨ –

1. ਕਿਸੇ ਪਾਠ ਦੇ ਅਰਥਾਂ ਨੂੰ ਨਿਰਧਾਰਤ ਕਰਨਾ,
2. ਉਸ ਵਿਚਲੇ ਅਰਥਾਂ ਦੀ ਪ੍ਰਾਸੰਗਿਕਤਾ ਸਥਾਪਿਤ ਕਰਨਾ, ਅਤੇ
3. ਵਿਸ਼ਵਾਸ਼ਾਂ ਜਾਂ ਧਾਰਣਾਵਾਂ ਦੀ ਤਾਰਕਿਕਤਾ ਨਿਸ਼ਚਿਤ ਕਰਨਾ

ਇਨ੍ਹਾਂ ਵਿਆਖਿਆਵਾਂ ਵਿਚਲਾ ਫ਼ਰਕ ਮੋਟੇ ਤੌਰ ਤੇ ਇਸ ਪ੍ਰਕਾਰ ਹੈ – ਸ਼ਰੁਤੀ ਦੀਆਂ ਵਿਆਖਿਆਵਾਂ ਵਿਚ ਆਮ ਤੌਰ ਤੇ ਜੀਵਨ ਦੇ ਪਰਾਭੌਤਿਕ ਮਸਲਿਆਂ ਨਾਲ ਸਰੋਕਾਰ ਜੋੜਿਆ ਜਾਂਦਾ ਹੈ ਅਤੇ ਇਨ੍ਹਾਂ ਦੇ ਸਿੱਟੇ ਵਜੋਂ ਦਰਸ਼ਨ-ਸ਼ਾਸਤਰ ਦੇ ਵਿਭਿੰਨ ਸੰਪ੍ਰਦਾਇ ਹੋਂਦ ਵਿਚ ਆਉਂਦੇ ਹਨ। ਸਿਮ੍ਰਿਤੀ ਦੀਆਂ ਵਿਆਖਿਆਵਾਂ ਦਾ ਮੂਲ ਸਰੋਕਾਰ ਆਚਾਰ-ਵਿਹਾਰ ਦੇ ਨੇਮਾਂ ਨਾਲ ਰਿਹਾ ਹੈ। ਇਸਤੋਂ ਇਲਾਵਾ ਇਹ ਵਿਆਖਿਆ ਇਨ੍ਹਾਂ ਨੇਮਾਂ ਨੂੰ ਸਮੇਂ ਸਥਾਨ ਦੇ ਬਦਲਦੇ ਹੋਏ ਸੰਦਰਭ ਵਿਚ ਅਨੁਕੂਲ ਬਣਾਉਣ ਦੇ ਮਸਲੇ ਨਾਲ ਵੀ ਸੰਬੰਧਿਤ ਰਹੀ ਹੈ। ਸ਼ਾਸਤਰ-ਆਧਾਰਿਤ ਵਿਆਖਿਆਵਾਂ ਦਾ ਮਨੋਰਥ ਤਰਕਸ਼ੀਲ ਢੰਗ ਨਾਲ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਨਿਰਧਾਰਿਤ ਕਰਨਾ ਅਤੇ ਉਨ੍ਹਾਂ ਨੂੰ ਉਚਿਤ ਸੰਦਰਭ ਨਾਲ ਜੋੜ ਕੇ ਵਿਚਾਰਨਾ ਰਿਹਾ ਹੈ। ਇਸੇ ਤਰ੍ਹਾਂ ਕਾਵਿ-ਸੰਬੰਧੀ ਵਿਆਖਿਆ ਦਾ ਮੁੱਖ ਸਰੋਕਾਰ ਕਾਵਿ ਦੇ ਅੰਤਰਗਤ ਵਰਤੀ ਗਈ ਭਾਸ਼ਾ (ਕਾਵਿ ਭਾਸ਼ਾ) ਦੇ ਵਿਵੇਚਨ ਨਾਲ ਹੈ।

ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਦੀ ਉਸਾਰੀ ਲਈ ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਦਾ ਅਰਥ ਸਪਸ਼ਟ ਕਰਨ ਲਈ ਅਤੇ ਉਸ ਅਰਥ ਨੂੰ ਸਮਕਾਲੀਨ ਸੰਦਰਭ ਵਿਚ ਪੁਨਰ-ਪ੍ਰਾਸੰਗਿਕ ਬਣਾਉਣ ਲਈ ਸਾਨੂੰ ਇਕ ਪਾਸੇ ਤਾਂ ਭਾਰਤ ਦੀ ਪ੍ਰਚੱਲਤ ਵਿਆਖਿਆ ਪਰੰਪਰਾ ਦੀਆਂ ਸਿਧਾਂਤਕ ਅਤੇ ਵਿਧੀਮੂਲਕ ਅੰਤਰ-ਦ੍ਰਿਸ਼ਟੀਆਂ ਦੀ ਲੋੜੀਂਦੀ ਸਹਾਇਤਾ ਲੈਣੀ ਪਵੇਗੀ ਅਤੇ ਦੂਸਰੇ ਪਾਸੇ ਪੱਛਮੀ ਗਿਆਨ-ਪਰੰਪਰਾ ਦੇ ਸੰਦਰਭ ਵਿਚਸਾਹਮਣੇ ਆਏ ਸਮਕਾਲੀ-ਚਿੰਤਨ ਦਾ ਸਹਾਰਾ ਲੈਣਾ ਪਵੇਗਾ।

ਗੁਰਬਾਣੀ ਦਾ ਸਿਰਜਿਤ ਪਾਠ ਬਹੁ-ਭਾਸ਼ਾਈ ਅਤੇ ਬਹੁ-ਅਨੁਸ਼ਾਸਨੀ ਚਰਿਤਰ ਦਾ ਧਾਰਣੀ ਹੈ। ਅਰਥਾਤ ਇਸਦੇ ਪ੍ਰਵਚਨ-ਸੰਸਾਰ ਵਿੱਚ ਵਰਤੀ ਗਈ ਸ਼ਬਦਾਵੀ ਅਨੇਕਾਂ ਭਾਸ਼ਾਈ ਅਤੇ ਉਪ-ਭਾਸ਼ਾਈ ਖੇਤਰਾਂ ਨਾਲ ਸੰਬੰਧਿਤ ਹੋਣ ਤੋਂ ਇਲਾਵਾ ਜੀਵਨ ਦੇ ਅਨੇਕਾਂ ਵਿਸ਼ੈ-ਖੇਤਰਾਂ ਜਾਂ ਗਿਆਨ-ਅਨੁਸ਼ਾਸਨਾਂ ਨਾਲ ਵੀ ਸੰਬੰਧਿਤ ਹੈ। ਇਸ ਲਈ ਇਸ ਦੀ ਪਾਠਗਤ ਵਿਆਖਿਆ ਲਈ ਬਹੁ-ਅਨੁਸ਼ਾਸਨੀ ਉਪਰਾਲੇ ਦੀ ਜ਼ਰੂਰਤ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਹੋਰਨਾਂ ਅਨੁਸ਼ਾਸਨਾਂ ਤੋਂ ਇਲਾਵਾ ਭਾਰਤੀ ਵਿਆਖਿਆ ਪਰੰਪਰਾ ਦੀਆਂ ਅੰਤਰ-ਦ੍ਰਿਸ਼ਟੀਆਂ, ਵਿਸ਼ੇਸ਼ ਤੌਰ ਤੇ ਨਿਰੁਕਤ ਅਤੇ ਵਿਆਕਰਨ ਦੀਆਂ ਅੰਤਰ-ਦ੍ਰਿਸ਼ਟੀਆਂ ਬਹੁਤ ਲਾਹੇਵੰਦ ਸਿਧ ਹੋ ਸਕਦੀਆਂ ਹਨ। ਇਸ ਦਿਸ਼ਾ ਵਲ ਕਈ ਮਹੱਤਵਪੂਰਣ ਉਪਰਾਲੇ ਕੀਤੇ ਵੀ ਗਏ ਹਨ। ਮਿਸਾਲ ਵਜੋਂ ਪ੍ਰੋਫੈਸਰ ਸਾਹਿਬ ਸਿੰਘ ਰਚਿਤ ਗੁਰਬਾਣੀ ਵਿਆਕਰਨ ਅਤੇ ਡਾ. ਬਲਬੀਰ ਸਿੰਘ ਰਚਿਤ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਸ ਕਿਸਮ ਦੇ ਉਪਰਾਲਿਆਂ ਦਾ ਮਹੱਤਵ ਇਸ ਪੱਖੋਂ ਹੈ ਕਿ ਇਹ ਗੁਰਬਾਣੀ ਦੀਆਂ ਵਿਆਕਰਨਕ ਜੁਗਤਾਂ ਅਤੇ ਸ਼ਬਦ-ਬਣਤਰਾਂ ਦੇ ਵਿਸ਼ਲੇਸ਼ਣ ਰਾਹੀਂ ਇਸਦੇ ਵਿਭਿੰਨ ਪਾਠਾਂ ਅਤੇ ਪ੍ਰਵਚਨਾਂ ਦਾ ਅਰਥ ਨਿਰਧਾਰਿਤ ਕਰਨ ਦਾ ਜਤਨ ਕਰਦੇ ਹਨ। ਇਸ ਮੰਤਵ ਲਈ ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ ਗਈਆਂ ਵਿਭਿੰਨ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਸ਼ਬਦਾਵਲੀ ਅਤੇ ਵਿਆਕਰਨਕ ਜੁਗਤ/ਬਣਤਰ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਜਤਨ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਪਾਠਾਤਮਕ ਬਣਤਰ ਕਈ ਪੱਖਾਂ ਤੋਂ ਵੇਦ-ਪਾਠ ਨਾਲ ਮਿਲਦੀ ਹੈ। ਇਨ੍ਹਾਂ ਦੋਹਾਂ ਪਾਠਾਂ ਵਿੱਚ ਕਾਵਿਕਤਾ ਅਤੇ ਛੰਦਾਤਮਕਤਾ ਦੇ ਗੁਣ-ਲੱਛਣ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਪਰ ਤਾਂ ਵੀ ਗੁਰਬਾਣੀ ਦੀ ਸਿਰਜਣਾਤਮਕ ਪ੍ਰਕਿਤਰੀ ਵੇਦ-ਪਾਠ ਨਾਲੋਂ ਮੌਲਿਕ ਤੌਰ ਤੇ ਭਿੰਨ ਤੇ ਵਿਲੱਖਣ ਵੀ ਹੈ। ਇਸ ਵਿਚਲੀਆਂ ਪ੍ਰਗਟਾਉ-ਜੁਗਤਾਂ ਅਤੇ ਸੰਚਾਰ-ਵਿਧੀਆਂ ਵੇਦਾਂ ਦੀ ਮੰਤਰ-ਸ਼ੈਲੀ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀਆਂ। ਇਸ ਲਈ ਵੇਦਾਂਗ ਦੇ ਅੰਤਰਗਤ ਵਿਕਸਿਤ ਹੋਏ ਅਨੁਸ਼ਾਸਨਗੁਰਬਾਣੀ ਵਿਆਖਿਆ ਲਈ ਆਂਸ਼ਿਕ ਤੌਰ ਤੇ ਹੀ ਸਹਾਈ ਹੋ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਇਸ ਵਿਆਖਿਆ ਲਈ ਦਰਸ਼ਨ-ਸ਼ਾਸਤਰ, ਧਰਮ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਦੀਆਂ ਅੰਤਰ-ਦ੍ਰਿਸ਼ਟੀਆਂ ਵੀ ਲੋੜੀਂਦੀਆਂ ਹਨ। ਕਾਰਣ ਇਹ ਹੈ ਕਿ ਗੁਰਬਾਣੀ ਦਾ ਪ੍ਰਵਚਨ ਇਕ ਪਾਸੇ ਤਾਂ ਕਾਵਿਕ ਪ੍ਰਵਚਨ ਦੀਆਂ ਸੰਚਾਰ-ਜੁਗਤਾਂ ਨੂੰ ਵਰਤਣ ਵਲ ਰੁਚਿਤ ਹੁੰਦਾ ਹੈ ਅਤੇ ਦੂਸਰੇ ਪਾਸੇ ਇਸ ਦੀ ਸ਼ਬਦਾਵਲੀ ਭਾਰਤੀ ਦਰਸ਼ਨ-ਸ਼ਾਸਤਰ ਅਤੇ ਧਰਮ-ਸ਼ਾਸਤਰ ਨਾਲ ਸੰਵਾਦ ਰਚਾਉਂਦੀ ਹੋਈ ਆਪਣੇ ਵਿਲੱਖਣ ਸੰਦੇਸ਼ ਦੀ ਉਸਾਰੀ ਕਰਦੀ ਹੈ। ਇਸ ਦਾ ਇਹ ਉਪਰਾਲਾ ਭਾਰਤ ਦੀ ਕਲਾਸੀਕਲ ਗਿਆਨ ਪਰੰਪਰਾ ਨੂੰ ਮੱਧਕਾਲੀਨ ਸਰੋਕਾਰਾਂ ਦੀ ਰੌਸ਼ਨੀ ਵਿੱਚ ਪੁਨਰ-ਪਰਿਭਾਸ਼ਿਤ

ਕਰਨ ਵਾਲਾ ਹੋ ਨਿਬੜਦਾ ਹੈ। ਤਾਂ ਵੀ ਗੁਰਬਾਣੀ ਦੇ ਪ੍ਰਵਚਨ-ਸੰਸਾਰ ਅਤੇ ਪਾਠ-ਪ੍ਰਬੰਧ ਦਾ ਅਰਥ ਖੋਲ੍ਹਣ ਲਈ ਇਸ ਸਮੁੱਚੇ ਗਿਆਨ-ਸ਼ਾਸਤਰੀ ਪਰਿਪੇਖ ਨੂੰ ਦ੍ਰਿਸ਼ਟੀ ਵਿੱਚ ਰੱਖਣਾ ਜ਼ਰੂਰੀ ਜਾਪਦਾ ਹੈ।

ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦਾ ਪਾਵਨ ਗ੍ਰੰਥ ਹੋਣ ਦੇ ਨਾਲ ਨਾਲ ਮੱਧਕਾਲੀਨ ਭਾਰਤੀ ਸਾਹਿਤ, ਸਭਿਆਚਾਰ, ਧਰਮ ਅਤੇ ਦਰਸ਼ਨ ਦਾ ਵੀ ਮਹੱਤਵਪੂਰਣ ਗਿਆਨ-ਪਾਠ ਹੈ। ਇਹ ਪਾਵਨ ਗ੍ਰੰਥ ਆਪਣੇ ਵੇਲੇ ਦੀ ਹਕੀਕਤ ਨੂੰ ਸੰਬੋਧਿਤ ਹੋਣ ਦੇ ਨਾਲ ਨਾਲ ਮਾਨਵ-ਜਾਤੀ ਦੇ ਸਦੀਵੀ ਸਰੋਕਾਰਾਂ ਅਤੇ ਆਦਰਸ਼ਾਂ ਨੂੰ ਵੀ ਮੂਰਤੀਮਾਨ ਕਰਦਾ ਹੈ। ਹਥਲੇ ਪਰਚੇ ਦਾ ਮੁੱਖ ਉਦੇਸ਼ ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਦੀ ਵਿਆਖਿਆਕਾਰੀ ਅਤੇ ਉਸ ਦੇ ਵਿਭਿੰਨ ਸਰੋਕਾਰਾਂ ਤੇ ਸੰਦਰਭਾਂ ਦੀ ਨਿਸ਼ਾਨਦੇਹੀ ਕਰਨ ਨਾਲ ਹੈ। ਇਸ ਮੰਤਵ ਲਈ ਅਸੀਂ ਵਿਆਖਿਆਕਾਰੀ ਦੇ ਕਾਰਜ ਨੂੰ ਮਾਨਵ-ਸਿਰਜਿਤ ਪਾਠਾਂ ਦਾ ਅਰਥ-ਨਿਰਧਾਰਨ ਕਰਨ ਵਾਲੇ ਇਕ ਸੁਤੰਤਰ ਅਨੁਸ਼ਾਸਨ ਦੇ ਤੌਰ ਤੇ ਗ੍ਰਹਿਣ ਕੀਤਾ ਹੈ ਜਿਸ ਨੂੰ ਅਜੋਕੀ ਸ਼ਬਦਾਵਲੀ ਅਨੁਸਾਰ ਵਿਆਖਿਆ-ਸ਼ਾਸਤਰ ਦਾ ਨਾਮ ਦਿੱਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਬਾਣੀ ਦਾ ਦਰਜਾ ਇਕ ਪਾਵਨ ਪਾਠ (*sacred text*) ਦਾ ਹੈ। 'ਧੁਰ ਕੀ ਬਾਣੀ' ਜਾਂ ਦੈਵੀ ਆਵੇਸ਼ ਦੇ ਰੂਪ ਵਿਚ ਸਿਰਜੇ ਗਏ ਇਸ ਪਾਵਨ ਪਾਠ ਨੂੰ ਸਾਧਾਰਣ ਕਿਸਮ ਦੇ ਪਾਠਾਂ ਵਾਂਗ ਅਧਿਐਨ, ਵਿਸ਼ਲੇਸ਼ਣ ਜਾਂ ਵਿਆਖਿਆ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਦਾ। ਇਸ ਨਾਲ ਜੁੜਿਆ ਹੋਇਆ ਪਾਵਨਤਾ ਦਾ ਸੰਕਲਪ ਇਸ ਦੀ ਸਿਰਜਣਾਤਮਕ ਵਿਲੱਖਣਤਾ ਦਾ ਅਹਿਸਾਸ ਜਗਾਉਂਦਾ ਹੈ। ਪਾਵਨ ਪਾਠ ਕੀ ਹੈ? ਅਤੇ ਇਸ ਦੀਆਂ ਮੌਲਿਕ ਵਿਸ਼ੇਸ਼ਤਾਵਾਂ ਕਿਹੜੀਆਂ ਹਨ? ਇਨ੍ਹਾਂ ਮੁੱਢਲੇ ਪ੍ਰਸ਼ਨਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ। ਹਰ ਧਰਮ-ਸੰਪ੍ਰਦਾਇ ਆਪਣੇ ਪਾਵਨ-ਗ੍ਰੰਥਾਂ ਨੂੰ ਕਿਸੇ ਪਰਾ-ਮਨੁੱਖੀ ਹਸਤੀ ਜਾਂ ਹੋਂਦ ਦੀ ਸਿਰਜਣਾ ਮੰਨ ਕੇ ਉਸ ਨਾਲ ਆਸਥਾ ਅਤੇ ਵਿਸ਼ਵਾਸ਼ ਦਾ ਰਿਸ਼ਤਾ ਜੋੜਦਾ ਹੈ। ਇਹੀ ਕਾਰਣ ਹੈ ਕਿ ਪਾਵਨ-ਗ੍ਰੰਥ ਦੇ ਆਲੇ ਦੁਆਲੇ ਮਿੱਥ ਅਤੇ ਪਰਾਭੌਤਿਕਤਾ ਦਾ ਅਜਿਹਾ ਪਾਰਗਾਮੀ ਮਾਹੌਲ ਉੱਸਰਿਆ ਹੁੰਦਾ ਹੈ ਜੋ ਸੱਚ ਨੂੰ ਪਰਮਸੱਚ ਅਤੇ ਪਰਮਾਰਥ ਦੇ ਰੂਪ ਵਿਚ ਸੰਕਲਪਦਾ ਹੈ। ਪਾਵਨ ਪਾਠ ਜਾਂ ਪਾਵਨ ਗ੍ਰੰਥ ਦੇ ਸੰਕਲਪ ਨੂੰ ਵਿਭਿੰਨ ਅਨੁਸ਼ਾਸਨਾਂ ਦੇ ਅੰਤਰਗਤ ਵੱਖੋ-ਵੱਖਰੇ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਹਰ ਧਰਮ-ਸੰਸਥਾ ਦਾ ਇਕ ਤਾਂ ਆਪਣਾ ਅੰਦਰੂਨੀ ਦ੍ਰਿਸ਼ਟੀ-ਬਿੰਦੂ ਹੁੰਦਾ ਹੈ ਜੋ ਉਸ ਦੀਆਂ ਪਰਾਭੌਤਿਕ ਮਾਨਤਾਵਾਂ ਉੱਪਰ ਆਧਾਰਿਤ ਹੁੰਦਾ ਹੈ। ਪਰ ਇਸ ਤੋਂ ਇਲਾਵਾ ਧਰਮ-ਅਧਿਐਨ ਦਾ ਇਕ ਬਾਹਰ-ਮੁਖੀ ਦ੍ਰਿਸ਼ਟੀ-ਬਿੰਦੂ ਵੀ ਹੁੰਦਾ ਹੈ ਜੋ ਮੁੱਖ ਤੌਰ ਤੇ ਸਮਾਜ-ਵਿਗਿਆਨਾਂ ਦਾ ਵਿਸ਼ਾ ਹੈ। ਪ੍ਰਸਿੱਧ ਸਮਾਜਵਿਗਿਆਨੀ ਰੌਬਰਟ ਸਟੌਕਮਨ (Robert Stockman) ਨੇ ਸਮਾਜ-ਵਿਗਿਆਨ ਦੇ ਨੁਕਤੇ ਤੋਂ ਪਾਵਨ ਗ੍ਰੰਥ ਦੀ ਪਰਿਭਾਸ਼ਾ ਪੇਸ਼ ਕਰਦਿਆਂ ਲਿਖਿਆ ਹੈ :

"From a sociological point of view, a text becomes scripture when a group of people begin to treat it as such, by venerating it and viewing its authority as superhuman" [1]

---

[1]Stockman Robert, Scripture, ( *Internet Resourse* )

ਹਰ ਧਾਰਮਿਕ ਭਾਈਚਾਰਾ ਆਪਣੀ ਰੂਹਾਨੀ ਅਤੇ ਨੈਤਿਕ ਅਗਵਾਈ ਲਈ ਬਾਰ ਬਾਰ ਆਪਣੇ ਪਾਵਨ ਗ੍ਰੰਥਾਂ ਵਲ ਪਰਤਦਾ ਹੈ। ਪਰ ਪਾਵਨ ਗ੍ਰੰਥਾਂ ਸਮੇਤ ਅਤੀਤਕਾਲੀ ਵਿਰਸੇ ਦੀ ਸਾਂਝੀ ਵਿਸ਼ੇਸ਼ਤਾ ਇਹ ਕਿ ਇਨ੍ਹਾਂ ਦੇ ਸਰੋਕਾਰ ਤਾਂ ਭਾਵੇਂ ਸਰਬਕਾਲੀ ਹੁੰਦੇ ਹਨ ਪਰ ਇਨ੍ਹਾਂ ਦਾ ਮੁਹਾਵਰਾ ਸਮਕਾਲੀ ਹੁੰਦਾ ਹੈ। ਵਿਸ਼ੇਸ਼ ਇਤਿਹਾਸਕ ਦੌਰ ਵਿਚ ਰਚੇ ਗਏ ਪਾਵਨ ਪਾਠ ਕਈ ਵਾਰੀ ਸਥਾਨਕ ਹਾਲਤਾਂ ਅਤੇ ਵਕਤੀ ਸਿਆਸਤ ਤੋਂ ਵੀ ਡੂੰਘੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਦਾ ਮੁਹਾਵਰਾ ਵੇਲੇ ਦੀ ਸਾਮਾਜਿਕ ਸੰਰਚਨਾ ਅਤੇ ਸਭਿਆਚਾਰਕ ਰੀਤਾਂ-ਰਵਾਇਤਾਂ ਨੂੰ ਚਿਹਨਕੀ ਵਿਹਾਰ ਵਿਚ ਢਾਲਣ ਵਲ ਰੁਚਿਤ ਹੁੰਦਾ ਹੈ। ਰਿਸ਼ਤੇ ਨਾਤਿਆਂ ਦੀ ਇਸ ਜ਼ੁਬਾਨ ਨੂੰ ਪ੍ਰਤੀਕਾਤਮਕ ਪੱਧਰ ਉੱਤੇ ਗ੍ਰਹਿਣ ਕਰਨਾਉਚਿਤ ਹੈ, ਅੱਖਰੀ ਰੂਪ ਵਿਚ ਨਹੀਂ। ਇਸੇ ਲਈ ਨਿਰੰਤਰ ਤਬਦੀਲ ਹੋ ਰਹੀਆਂ ਇਤਿਹਾਸਕ ਸਥਿਤੀਆਂ ਅਨੁਸਾਰ ਪਾਵਨ ਪਾਠਾਂ ਦੀ ਪੁਨਰ-ਵਿਆਖਿਆ ਸੁਭਾਵਕ ਹੀ ਨਹੀਂ ਅਨਿਵਾਰੀ ਵੀ ਹੋ ਜਾਂਦੀ ਹੈ।

ਵੈਦਿਕ ਕਾਲ ਤੋਂ ਬਾਦ ਭਗਤੀ ਕਾਲ ਦਾ ਉਦੈ ਹੁੰਦਾ ਹੈ ਜਿਸਦੇ ਅੰਤਰਗਤ ਦੋ ਮੁੱਖ ਪ੍ਰਵਿਰਤੀਆਂ ਸਾਹਮਣੇ ਆਉਂਦੀਆਂ ਹਨ - ਸਗੁਣ-ਭਗਤੀ ਅਤੇ ਨਿਰਗੁਣ ਭਗਤੀ। ਸਗੁਣ ਭਗਤੀ ਦਾ ਆਧਾਰ ਅਵਤਾਰਵਾਦ ਦੀ ਧਾਰਣਾ ਉਪਰ ਹੈ। ਇਸਦੇ ਅੰਤਰਗਤ ਹੀ ਵੈਸ਼ਣਵ ਭਗਤੀ (ਰਾਮ ਭਗਤੀ ਅਤੇ ਕ੍ਰਿਸ਼ਣ ਭਗਤੀ) ਦੀਆਂ ਪ੍ਰਮੁੱਖ ਸ਼ਾਖਾਵਾਂ ਵਿਕਸਿਤ ਹੋਇਆਂ ਹਨ। ਇਸਤੋਂ ਉਲਟ ਨਿਰਗੁਣ ਭਗਤੀ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕਰਦੀ ਹੈ ਅਤੇ ਨਿਰਗੁਣ, ਨਿਰਾਕਰ ਅਤੇ ਅਰੂਪ ਬ੍ਰਹਮ ਦੀ ਆਰਾਧਨਾ ਦਾ ਤਸੱਵਰ ਪੇਸ਼ ਕਰਦੀ ਹੈ। ਸੰਤਬਾਣੀ ਅਤੇ ਗੁਰਬਾਣੀ ਦਾ ਸੰਬੰਧ ਇਸੇ ਨਿਰਗੁਣ ਭਗਤੀ ਮਾਰਗ ਨਾਲ ਹੈ।

ਨਿਰਗੁਣ ਭਗਤੀ ਦਾ ਮੂਰਤੀ ਪੂਜਾ ਅਤੇ ਅਵਤਰਵਾਦ ਦੇ ਸਿਧਾਂਤ ਨੂੰ ਰੱਦ ਕਰ ਦੇਣਾ ਉਸ ਦੇ ਗਿਆਨ ਮਾਰਗ ਨਾਲ ਸੰਬੰਧਿਤ ਹੋਣ ਦਾ ਵੀ ਪ੍ਰਮਾਣ ਹੈ ਕਿਉਂ ਜੋ ਆਕਾਰ ਰਹਿਤ ਦੈਵੀ-ਸੱਤਾ ਦਾ ਸੰਕਲਪ ਨਿਰੋਲ ਭਾਵੁਕ ਰਿਸ਼ਤੇ ਉਤਸਾਹਿਤ ਨਹੀਂ ਕਰਦਾ ਸਗੋਂ ਚਿੰਤਨ ਅਤੇ ਚੇਤਨਾ ਦੇ ਮਹੱਤਵ ਨੂੰ ਵੀ ਉਜਾਗਰ ਕਰਦਾ ਹੈ। ਇਨ੍ਹਾਂ ਵਿਚ ਇਕ ਪਾਸੇ ਅਵਤਾਰਵਾਦ ਅਤੇ ਦੂਸਰੇ ਪਾਸੇ ਨਿਰਗੁਣ, ਨਿਰਾਕਾਰ ਪਾਰ ਬ੍ਰਹਮ ਦਾ ਸੰਕਲਪ ਵਿਕਸਿਤ ਹੁੰਦਾ ਹੈ ਜੋ ਇਕ-ਈਸ਼ਵਰਵਾਦ ਦੇ ਨੇੜੇ ਹੈ। ਪਾਵਨਤਾ ਦੇ ਇਸ ਸੰਦਰਭ ਦੀ ਚੇਤਨਾ ਖ਼ੁਦ ਬਾਣੀਕਾਰਾਂ ਨੂੰ ਵੀ ਹੈ। ਜਿਸਦਾ ਪ੍ਰਗਟਾਵਾ ਨਿਮਨ-ਅੰਕਿਤ ਪੰਗਤੀਆਂ ਰਾਹੀਂ ਭਲੀ ਭਾਂਤ ਹੋ ਜਾਂਦਾ ਹੈ :

ਧੁਰ ਕੀ ਬਾਣੀ ਆਈ॥

ਜਿਨਿ ਸਗਲੀ ਚਿੰਤ ਮਿਟਾਈ॥[2]

ਜੈਸੀ ਮੈ ਆਵੈ ਖਸਮ ਕੀ ਬਾਣੀ॥

ਤੈਸੜਾ ਕਰੀ ਗਿਆਨੁ ਵੇ ਲਾਲੋ॥[3]

---

[2]ਗੁਰੂ ਗ੍ਰੰਥ ਸਾਹਿਬ, ਪੰਨਾ - 628.

[3]ਓਹੀ, ਪੰਨਾ - 722.

ਇਹ ਪੰਗਤੀਆਂ ਬਾਣੀਕਾਰਾਂ ਦੇ ਦੈਵੀ ਆਵੇਸ਼ ਵਿਚ ਉਚਾਰੇ ਗਏ ਬੋਲਾਂ ਵਲ ਸੰਕੇਤ ਕਰਦੀਆਂ ਹਨ ਜਿਨ੍ਹਾਂ ਨੂੰ ਸਿੱਖ ਭਾਈਚਾਰਾ ਪਾਵਨਤਾ ਦੇ ਰੂਪ ਵਿਚ ਹੀ ਗ੍ਰਹਿਣ ਕਰਦਾ ਹੈ। ਇਨ੍ਹਾਂ ਪੰਗਤੀਆਂ ਵਿਚ ਬਾਣੀ ਦੇ ਸੰਦਰਭ ਵਿਚ ਤਿੰਨ ਕਥਨ ਕੀਤੇ ਗਏ ਹਨ :

1. ਇਹ ਧੁਰ ਕੀ ਬਾਣੀ ਹੈ ਜੋ ਮਨੁੱਖ ਦੀਆਂ ਸਾਰੀਆਂ ਚਿੰਤਾਵਾਂ ਨੂੰ ਦੂਰ ਕਰ ਸਕਦੀ ਹੈ।
2. ਇਹ ਖਸਮ ਕੀ ਬਾਣੀ ਹੈ ਜਿਹੜੀ ਓਸੇ ਦੇ ਗਿਆਨ ਨੂੰ ਪ੍ਰਕਾਸ਼ਮਾਨ ਕਰਦੀ ਹੈ।
3. ਇਹ ਸੱਚ ਕੀ ਬਾਣੀ ਹੈ ਜਿਸ ਨੂੰ ਸੱਚ ਦੇ ਵੇਲੇ ਜ਼ਰੂਰ ਉਚਾਰਿਆ ਜਾਣਾ ਬਣਦਾ ਹੈ।

ਗੁਰਬਾਣੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚਲੀ ਪਾਵਨ ਵਸਤੂ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ/ਸਰੋਤੇ ਨੂੰ ਸੰਬੋਧਿਤ ਹੁੰਦੀ ਹੈ। ਇਸੇ ਲਈ ਜਦੋਂ ਅਸੀਂ ਗੁਰਬਾਣੀ ਨੂੰ ਮੱਧਕਾਲੀਨ ਪੰਜਾਬੀ (ਅਤੇ ਭਾਰਤੀ) ਸਾਹਿੱਤ ਦੀ ਵਿਲੱਖਣ ਕਾਵਿਧਾਰਾ ਦੇ ਅੰਤਰਗਤ ਰੱਖ ਕੇ ਵਿਚਾਰਦੇ ਹਾਂ ਤਾਂ ਇਸਦੇ ਜਿਤ ਪ੍ਰਵਚਨ ਦਾ ਵੱਖਰਾ ਪਰਿਪੇਖ ਉੱਭਰ ਕੇ ਸਾਹਮਣੇ ਆਉਂਦਾ ਹੈ। ਗੁਰਬਾਣੀ ਦੇ ਇਸ ਕਾਵਿਕ ਪੱਖ ਬਾਰੇ ਖ਼ੁਦ ਬਾਣੀਕਾਰ ਵੀ ਸੁਚੇਤ ਹਨ। ਪਰ ਬਾਣੀ ਨੂੰ ਨਿਰੋਲ ਜਾਂ ਸ਼ੁੱਧ ਕਵਿਤਾ ਤਸੱਵਰ ਨਹੀਂ ਕੀਤਾ ਜਾ ਸਕਦਾ। ਕਵਿਤਾ ਇਸ ਦੀ ਸੰਚਾਰ-ਜੁਗਤ ਹੈ ਪਰ ਇਸਨੂੰ ਲੌਕਿਕ ਸੰਦਰਭ ਵਾਲੀ ਦੂ ਸ਼ਾਇਰੀ ਵਾਂਗ ਨਹੀਂ ਵਾਚਿਆ ਜਾ ਸਕਦਾ। ਇਸਦੇ ਨਾਲ ਵਿਸ਼ਵਾਸ਼ ਆਸਥਾ ਦੇ ਮਾਧਿਅਮ ਰਾਹੀਂ ਪਾਵਨ ਦਾ ਸੰਦਰਭ ਆਪ-ਮੁਹਾਰ ਹੀ ਜੁੜ ਜਾਂਦਾ ਹੈ। ਗੁਰੁ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਅਨੇਕਾਂ ਥਾਵਾਂ ਤੇ ਆਪਣੇ ਆਪ ਨੂੰ ਸ਼ਾਇਰ ਆਖਿਆ ਹੈ। ਮਿਸਾਲ ਵਜੋਂ -

ਕਰੇ ਕਰਾਏ ਸਭਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥[4]

ਸਾਸੁ ਮਾਸੁ ਸਭੁ ਜੀਉ ਤੁਮਾਰਾ
ਤੂ ਮੈ ਖਰਾ ਪਿਆਰਾ ॥
ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ ॥[5]

ਪਰ ਗੁਰੂ ਨਾਨਕ ਦੇਵ 'ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ' ਆਖਦੇ ਹੋਏ ਆਪਣੀ ਰਚਨਾ ਨੂੰ ਨਿਰੋਲ ਕਾਵਿ ਨਾਲੋਂ ਭਿੰਨ ਅਤੇ ਵਿਲੱਖਣ ਵੀ ਮੰਨਦੇ ਹਨ। ਇਸੇ ਤਰ੍ਹਾਂ ਭਗਤ ਕਬੀਰ ਜੀ ਦਾ ਨਿਮਨ-ਅੰਕਿਤ ਕਥਨ ਗੁਰਬਾਣੀ ਦੇ ਜਿਤ ਪ੍ਰਵਚਨ ਦੀ ਇਸੇ ਕਿਸਮ ਦੀ ਸਮੱਸਿਆ-ਗ੍ਰਸਤ ਸਥਿਤੀ ਵਲ ਸੰਕੇਤ ਕਰਦਾ ਹੈ :

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥3॥[6]

---

[4]ਗੁਰੂ ਗ੍ਰੰਥ ਸਾਹਿਬ, ਪੰਨਾ - 434.

[5] ਗੁਰੂ ਗ੍ਰੰਥ ਸਾਹਿਬ, ਪੰਨਾ - 660.

ਭਾਰਤੀ ਪਰੰਪਰਾ ਵਿਚ ਰਿਸ਼ੀ, ਦ੍ਰਸ਼ਟਾ ਅਤੇ ਕਵੀ ਸਮਾਨਾਰਥਕ ਸ਼ਬਦ ਮੰਨੇ ਗਏ ਹਨ। ਇਸੇ ਤਰ੍ਹਾਂ ਹੀ ਸਾਮੀ ਪਰੰਪਰਾ ਵੀ, ਦੈਵੀ ਆਵੇਸ਼ ਵਿਚ ਉਚਾਰੇ ਗਏ, ਪੈਗ਼ੰਬਰੀ ਬੋਲਾਂ ਨੂੰ ਸ਼ਾਇਰੀ ਦਾ ਹੀ ਉੱਦਾਤ ਰੂਪ ਤਸੱਵਰ ਕਰਦੀ ਹੈ। ਅਸਲ ਵਿਚ ਜੀਵਨ ਦੇ ਪਰਮ-ਸੱਚ ਦੀ ਤਲਾਸ਼ ਕਰਨ ਵਾਲਾ ਰਿਸ਼ੀ, ਗੁਰੂ, ਸਿੱਧ-ਸਾਧਕ ਜਾਂ ਪੈਗ਼ੰਬਰ ਜਦੋਂ ਵਿਸਮਾਦ ਵਿਚ ਜਾਂ ਆਵੇਸ਼ ਵਿਚ ਆਉਂਦਾ ਹੈ ਤਾਂ ਸ਼ਾਇਰੀ ਦੀ ਜ਼ੁਬਾਨ ਬੋਲਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਹੀ ਸ਼ਬਦਾਂ ਤੇ ਅਰਥਾਂ ਦੀ ਖੇਡ ਰਚਣ ਵਾਲਾ ਸ਼ਾਇਰ ਜਦੋਂ ਮਨੁੱਖੀ ਹੋਂਦ ਦੇ ਮੂਲ ਸਰੋਕਾਰਾਂ ਨਾਲ ਰਾਬਤਾ ਕਾਇਮ ਕਰਦਾ ਹੈ ਅਤੇ ਅਨੁਭਵ ਦੇ ਤਰਲ ਛਿਣਾਂ ਨੂੰ ਜ਼ੁਬਾਨ ਦੇਣ ਦੀ ਚੇਸ਼ਟਾ ਕਰਦਾ ਹੈ ਤਾਂ ਸ਼ਾਇਰੀ ਪੈਗ਼ੰਬਰੀ ਦੇ ਨੇੜੇ ਅਪੜ ਜਾਂਦੀ ਹੈ। ਗੁਰਬਾਣੀ ਦੀ ਸਿਰਜਣਾਤਮਕ ਵਿਲੱਖਣਤਾ ਇਸਦੇ ਪਾਵਨ ਪਾਠ ਜਾਂ ਧਾਰਮਿਕ ਕਾਵਿ ਹੋਣ ਵਿਚ ਛੁਪੀ ਹੋਈ ਹੈ। ਪਾਵਨਤਾ ਦਾ ਆਪਣਾ ਸੰਦਰਭ ਹੈ ਜੋ ਆਸਥਾਵਾਨ ਪਾਠਕ ਦੀ ਭਾਵਨਾ ਨਾਲ ਸੰਬੰਧਿਤ ਹੈ। ਪਰ ਗੁਰਬਾਣੀ ਵਿਚਲੀ ਇਹ ਪਾਵਨਤਾ ਪਾਠ ਤੇ ਪ੍ਰਵਚਨ ਦਾ ਅੰਗ ਬਣ ਕੇ ਪ੍ਰਸਤੁਤ ਹੁੰਦੀ ਹੈ ਅਤੇ ਆਪਣੇ ਪ੍ਰਗਟਾਵੇ ਲਈ ਪਾਰਗਾਮੀ ਚਿਹਨਕਾਂ (*transcendental signifiers*) ਦੀ ਵਰਤੋਂ ਕਰਦੀ ਹੈ ਜਿਨ੍ਹਾਂ ਦੇ ਪ੍ਰਤੀਕਾਤਮਕ ਮਹੱਤਵ ਨੂੰ ਉਜਾਗਰ ਕਰਨ ਲਈ ਪ੍ਰਾਸੰਗਿਕ ਧਰਮਸ਼ਾਸਤਰ ਦੀ ਲੋੜ ਅਨੁਭਵ ਹੁੰਦੀ ਹੈ। ਗੁਰਬਾਣੀ ਦੇ ਇਹ ਪਾਰਗਾਮੀ ਚਿਹਨਕ ਵੈਦਿਕ, ਅਵੈਦਿਕ ਅਤੇ ਸਾਮੀ ਪਰੰਪਰਾ ਨਾਲ ਸੰਬੰਧਿਤ ਹਨ ਅਤੇ ਅੰਤਰ-ਸਭਿਆਚਾਰਕ ਸੰਵਾਦ ਦੀ ਸਥਿਤੀ ਨੂੰ ਮੂਰਤੀਮਾਨ ਕਰਦੇ ਹਨ। ਮਿਸਾਲ ਵਜੋਂ ਗੁਰਬਾਣੀ ਦੀਆਂ ਇਹ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥1॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥1॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਵਾਇ ॥2॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥3॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥

---

[6]ਓਹੀ, ਪੰਨਾ - 335

ਪ੍ਰਭ ਸਾਹਿਬ ਕਾ ਤਿਨਿ  ਭੇਦੁ ਜਾਤਾ॥ [7]

ਗੁਰਬਾਣੀ ਦੀ ਵਿਆਖਿਆਕਾਰੀ ਦਾ ਇਤਿਹਾਸ ਬਹੁਤ ਲੰਮਾ ਹੈ। ਇਸ ਦਾ ਸਮੁੱਚਾ ਵਿਸਤਾਰ ਮੱਧਕਾਲੀਨ ਦੌਰ ਤੋਂ ਲੈ ਕੇ ਅਜੋਕੇ ਆਧੁਨਿਕ ਅਤੇ ਉੱਤਰ-ਆਧੁਨਿਕ ਕਾਲ ਤਕ ਫੈਲਿਆ ਹੋਇਆ ਹੈ। ਸਭ ਤੋਂ ਪਹਿਲਾਂ ਤਾਂ ਖ਼ੁਦ ਬਾਣੀਕਾਰਾਂ ਦੇ ਸਿਰਜਿਤ ਪ੍ਰਵਚਨ ਵਿਚ ਅਜਿਹੇ ਕਥਨ ਮਿਲਦੇ ਹਨ ਜਿਨ੍ਹਾਂ ਨੂੰ ਇਕ ਤਰ੍ਹਾਂ ਦੀ ਸਹਿਜ-ਵਿਆਖਿਆਕਾਰੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਇਸਤੋਂ ਉਪਰੰਤ 'ਗੁਰਬਾਣੀ ਦੀ ਕੁੰਜੀ' ਆਖੀ ਜਾਣ ਵਾਲੀ ਭਾਈ ਗੁਰਦਾਸ ਦੀ ਰਚਨਾ ਸਾਹਮਣੇ ਆਉਂਦੀ ਹੈ ਜੋ ਗੁਰਬਾਣੀ ਦੇ ਵਿਭਿੰਨ ਸੰਕਲਪਾਂ ਨੂੰ, ਗੁਰ-ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ, ਪੌਰਾਣਿਕ ਹਵਾਲਿਆਂ ਅਤੇ ਲੋਕ-ਪ੍ਰਚੱਲਤ ਧਾਰਣਾਵਾਂ ਦੇ ਮਾਧਿਅਮ ਰਾਹੀਂ, ਖੋਲ੍ਹਣ ਅਤੇ ਪ੍ਰਾਸੰਗਿਕ ਬਣਾਉਣ ਵਲ ਰੁਚਿਤ ਹੁੰਦੀ ਹੈ। ਇਸ ਵਿਆਖਿਆਤਮਕ ਉਪਰਾਲੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ, ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਦਾ ਅਰਥ ਨਿਰਧਾਰਿਤ ਕਰਨ ਲਈ ਭਾਰਤੀ ਧਰਮ-ਦਰਸ਼ਨ ਦੇ ਤਤਕਤਲੀਨ ਸੰਦਰਭ ਨੂੰ ਅਤੇ ਗੁਰ-ਸੰਦੇਸ਼ ਦੀ ਵਿਲੱਖਣਤਾ ਨੂੰ ਕੇਂਦਰ ਵਿਚ ਰੱਖਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਵਿਆਖਿਆ ਦਾ ਇਹ ਸਿਲਸਿਲਾ ਸੁਚੇਤ ਤੌਰ ਤੇ ਭਾਈ ਗੁਰਦਾਸ ਦੀ ਰਚਨਾ ਨਾਲ ਆਰੰਭ ਹੁੰਦਾ ਹੈ।[1] ਭਾਈ ਗੁਰਦਾਸ ਜੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਵਿਆਖਿਆਕਾਰ ਮੰਨਿਆਂ ਜਾਂਦਾ ਹੈ। ਇਨ੍ਹਾਂ ਨੇ ਗੁਰਬਾਣੀ ਵਿਚ ਪੇਸ਼ ਹੋਏ ਵਿਚਾਰਾਂ, ਅਤੇ ਸੰਕਲਪਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ ਅਤੇ ਨਵੀਂ ਉੱਸਰ ਰਹੀ ਸਿੱਖ-ਸੰਸਥਾ ਦੀ ਰੌਸ਼ਨੀ ਵਿਚ ਇਨ੍ਹਾਂ ਦੀ ਨਵੀਂ ਵਿਆਖਿਆ ਪ੍ਰਸਤੁਤ ਕੀਤੀ। ਇਹੀ ਕਾਰਣ ਹੈ ਕਿ ਪ੍ਰਚੱਲਤ ਰਵਾਇਤ ਅਨੁਸਾਰ ਉਨ੍ਹਾਂ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਆਖਿਆ ਜਾਂਦਾ ਹੈ। ਇਸ ਮੰਤਵ ਲਈ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਨਮਸਕਾਰ ਗੁਰਦੇਵ ਕੋ ਸਤਨਾਮੁ ਜਿਸ ਮੰਤ੍ਰ ਸੁਣਾਯਾ॥

ਭਵਜਲ ਵਿਚੋਂ ਕੱਢਕੇ ਮੁਕਤਿ ਪਦਾਰਥ ਮਾਂਹਿ ਸਮਾਯਾ॥

ਜਨਮ ਮਰਨ ਭਉ ਕੱਟਿਆ ਸੰਸਾ ਰੋਗ ਵਿਜੋਗ ਮਿਟਾਯਾ॥

ਸੰਸਾ ਇਹ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਯਾ॥

ਜਮਦੰਡ ਸਿਰੋਂ ਨ ਉਤਰੈ ਸਾਕਤ ਦੁਰਜਨ ਜਨਮ ਗਵਾਯਾ॥

ਚਰਨ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤਿ ਕਰਾਯਾ॥

ਭਾਇ ਭਗਤ ਗੁਰਪੁਰਬ ਕਰ ਨਾਮ ਦਾਨ ਇਸ਼ਨਾਨ ਦ੍ਰਿੜਾਯਾ॥

---

[7]ਓਹੀ, ਪੰਨਾ - 885

ਜੇਹਾ ਬੀਉ ਤੇਹਾ ਫਲ ਪਾਯਾ ॥੧॥[8]

ਭਾਈ ਗੁਰਦਾਸ ਦੀ ਇਸ ਰਚਨਾ ਦਾ ਆਰੰਭ ਭਾਰਤੀ ਕਾਵਿ-ਪਰੰਪਰਾ ਦੀ ਪ੍ਰਚੱਲਤ ਰੂੜ੍ਹੀ, ਅਰਥਾਤ ਮੰਗਲਾਚਰਣ ਨਾਲ ਹੁੰਦਾ ਹੈ ਜਿਸ ਵਿਚ ਗੁਰੂ ਦੀ ਮਹਿਮਾ ਦਾ ਗਾਇਨ ਕੀਤਾ ਗਿਆ ਹੈ ਅਤੇ ਉਸ ਦੀ ਮੁਕਤੀਦਾਇਕ ਸਿਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਇਸ ਵਾਰ ਦੇ ਨਾਇਕ ਗੁਰਮਤਿ ਜੀਵਨ-ਜਾਚ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਹਨ ਜਿਨ੍ਹਾਂ ਦਾ ਜੀਵਨ-ਬਿਰਤਾਂਤ ਅਤੇ ਸੰਦੇਸ਼ ਹੀ ਇਸ ਰਚਨਾ ਦਾ ਮੁੱਖ ਵਿਸ਼ਾ ਹੈ। ਭਾਈ ਗੁਰਦਾਸ ਦੀ ਇਸ ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਗੁਰੂ ਵਿਅਕਤੀ ਦੇ ਸਮੁੱਚੇ ਬਿਰਤਾਂਤ ਨੂੰ ਭਾਰਤੀ ਧਰਮ-ਦਰਸ਼ਨ ਦੇ ਪਰਿਪੇਖ ਵਿਚ ਰੱਖ ਕੇ ਪ੍ਰਸਤੁਤ ਕਰਨ ਵਲ ਰਚਿਤ ਹੈ। ਇਸ ਮੰਤਵ ਲਈ ਕਵੀ ਨੇ ਗੁਰੂ ਨਾਨਕ ਕਾਲੀਨ ਭਾਰਤ ਦੀ ਸਾਮਾਜਿਕ, ਇਤਿਹਾਸਕ ਅਤੇ ਸਭਿਆਚਾਰਕ ਸਥਿਤੀ ਦਾ ਉਲੇਖ ਕਰਨ ਤੋਂ ਪਹਿਲਾਂ ਭਾਰਤ ਦੇ ਸਮੁੱਚੇ ਗਿਆਨ-ਸ਼ਾਸਤਰੀ ਪਰਿਪੇਖ ਨੂੰ ਉਸਾਰਨ ਦਾ ਵੀ ਜਤਨ ਕੀਤਾ ਹੈ। ਇਸ ਵਿਚ ਉਹ ਸਾਮੀ ਸੰਸਕ੍ਰਿਤੀ ਵੀ ਸ਼ਾਮਿਲ ਹੈ ਜਿਸਦਾ ਭਾਰਤ ਵਿਚ ਪ੍ਰਵੇਸ਼ ਹੋ ਚੁੱਕਿਆ ਹੈ। ਬਾਣੀਕਾਰਾਂ ਨੇ ਇਸ ਸਭਿਆਚਾਰ ਦੀਆਂ ਧਾਰਮਿਕ ਰਹੁ-ਰੀਤਾਂ, ਇਸ ਦੀ ਪਰਾਭੌਤਿਕਤਾ ਅਤੇ ਇਸ ਦੀ ਵਿਸ਼ਵ-ਦ੍ਰਿਸ਼ਟੀ ਨਾਲ ਵੀ ਸੰਵਾਦ ਰਚਾਇਆ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਜੀਵਨ-ਬਿਰਤਾਂਤ ਅਤੇ ਸੰਦੇਸ਼ ਦੀ ਵਿਲੱਖਣਤਾ ਦਾ ਅਹਿਸਾਸ ਜਗਾਉਣ ਲਈ ਇਸ ਸਾਰੀ ਸਥਿਤੀ ਨੂੰ ਵੀ ਮੁੱਖ ਰੱਖਿਆ ਹੈ। ਇਸ ਮੰਤਵ ਲਈ ਇਸ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਪੇਸ਼ ਹਨ :

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥

ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥

ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥

ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥

ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ॥

ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ॥

ਕਲਿ ਤਾਰਣ ਗੁਰ ਨਾਨਕ ਆਯਾ ॥੨੩॥[9]

ਇਨ੍ਹਾਂ ਪੰਗਤੀਆਂ ਵਿਚ ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦੇ ਜੀਵਨ ਬਿਰਤਾਂਤ ਅਤੇ ਜੀਵਨ ਦਰਸ਼ਨ ਦੇ ਹਵਾਲੇ ਨਾਲ ਭਾਰਤੀ ਅਤੇ ਸਾਮੀ ਗਿਆਨ ਪਰੰਪਰਾ ਦੇ ਸਮਾਨੰਤਰ ਪ੍ਰਬੰਧਾਂ ਦਾ ਲੇਖਾ-ਜੋਖਾ ਹੀ ਪ੍ਰਸਤੁਤ ਨਹੀਂ ਕੀਤਾ ਸਗੋਂ ਇਨ੍ਹਾਂ ਗਿਆਨ ਪ੍ਰਬੰਧਾਂ ਦੀ ਸਮਕਾਲੀ ਸਥਿਤੀ ਨੂੰ ਵੀ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ। ਇਸ ਸਮੁੱਚੀ

---

[8] ਵਾਰਾਂ ਭਾਈ ਗੁਰਦਾਸ – 1.1.1 –7

[9] ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ

ਪੇਸ਼ਕਾਰੀ ਦਾ ਉੱਦੇਸ਼ ਗੁਰ-ਸੰਦੇਸ਼ ਅਤੇ ਗੁਰਬਾਣੀ ਦੀ ਵਿਚਾਰਧਾਰਾਈ ਵਿਲੱਖਣਤਾ ਨੂੰ ਯੁੱਗ-ਅਨੁਕੂਲ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨਾ ਹੈ ਜੋ ਹਰ ਵਿਆਖਿਆ ਪ੍ਰਣਾਲੀ ਦਾ ਮੁੱਖ ਮੰਤਵ ਹੁੰਦਾ ਹੈ। ਭਾਈ ਗੁਰਦਾਸ ਦੀ ਖ਼ੂਬੀ ਹੈ ਕਿ ਉਹ ਗੁਰ-ਸੰਦੇਸ਼ ਨੂੰ ਮੱਧਕਾਲੀਨ ਭਾਰਤ ਦੇ ਉਸ ਬਦਲੇ ਹੋਏ ਗਿਆਨ-ਸ਼ਸਤਰੀ ਪਰਿਪੇਖ ਵਿਚ ਰੱਖ ਕੇ ਪ੍ਰਸਤੁਤ ਕਰਦੇ ਹਨ ਜਦੋਂ ਭਾਰਤੀ ਅਤੇ ਸਾਮੀ ਸਭਿਆਚਾਰਕ ਪਰੰਪਰਾਵਾਂ ਮੁੱਢਲੇ ਟਕਰਾਉ ਦੀ ਸਥਿਤੀ ਵਿਚੋਂ ਲੰਘ ਕੇ ਪਰਸਪਰ ਸੰਵਾਦ ਦੀ ਸਥਿਤੀ ਵਿਚ ਵਿਚਰ ਰਹੀਆਂ ਹਨ।

ਇਸ ਤਰ੍ਹਾਂ ਭਾਈ ਗੁਰਦਾਸ ਨੇ ਭਾਵੇਂ ਸਿੱਧੇ ਤੌਰ ਤੇ ਗੁਰਬਾਣੀ ਦੇ ਪਾਠ ਦੀ ਵਿਆਖਿਆ ਪੇਸ਼ ਨਹੀਂ ਕੀਤੀ ਪਰ ਉਸਦਾ ਰਚਨਾ-ਸੰਸਾਰ ਗੁਰਬਾਣੀ ਦੀ ਵਿਆਖਿਆਕਾਰੀ ਲਈ ਇਕ ਅਜਿਹਾ ਧਰਾਤਲ ਸਿਰਜਦਾ ਹੈ ਜੋ ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਦੀ ਸਿਰਜਣਾਤਮਕ ਵਿਲੱਖਣਤਾ ਦਾ ਅਹਿਸਾਸ ਜਗਾਉਂਦਾ ਹੈ। ਇਸ ਤੱਥ ਦੀ ਪ੍ਰੋੜ੍ਹਤਾ ਲਈ ਭਾਈ ਗੁਰਦਾਸ ਦੀ ਰਚਨਾ ਦੀਆਂ ਇਨ੍ਹਾਂ ਪੰਗਤੀਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ -

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛਤ੍ਰ ਫਿਰਾਯਾ॥

ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥

ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਯਾ॥

ਕਾਯਾਂ ਪਲਟ ਸਰੂਪ ਬਣਾਯਾ ॥[10]

ਇਨ੍ਹਾਂ ਪੰਗਤੀਆਂ ਵਿਚ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਦੇ ਹਵਾਲੇ ਨਾਲ ਗੁਰ-ਸੰਦੇਸ਼ ਜਾਂ ਗੁਰਬਾਣੀ ਦੀ ਵਿਲੱਖਣਤਾ ਅਤੇ ਨਿਰੰਤਰਤਾ ਨੂੰ ਉਜਾਗਰ ਕੀਤਾ ਗਿਆ ਹੈ ਜੋ ਇਸਦੇ ਵਿਆਖਿਆ-ਸ਼ਾਸਤਰ ਦਾ ਵਿਚਾਰਧਾਰਈ ਆਧਾਰ ਹੋ ਨਿਬੜਦਾ ਹੈ। ਇਸ ਤੋਂ ਮਗਰੋਂ ਗੁਰਬਾਣੀ ਦੀ ਵਿਆਖਿਆਕਾਰੀ ਨਾਲ ਸੰਬੰਧਿਤ ਇਕ ਲੰਮੀ ਪਰੰਪਰਾ ਹੋਂਦ ਵਿਚ ਆਉਂਦੀ ਹੈ ਜੋ ਸਾਮਾਜਿਕ-ਇਤਿਹਾਸਕ ਯਥਾਰਥ ਦੇ ਬਦਲਦੇ ਪਰਿਪੇਖ ਨੂੰ ਮੁੱਖ ਰੱਖਦਿਆਂ ਇਸਦੇ ਸਿਰਜਿਤ ਪਾਠ ਦਾ, ਪ੍ਰਸੰਗ-ਅਨੁਕੂਲ, ਅਰਥ-ਨਿਰਧਾਰਿਤ ਕਰਨ ਦਾ ਜਤਨ ਕਰਦੀ ਹੈ। ਭਾਈ ਗੁਰਦਾਸ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦੀ ਵਿਆਖਿਆ ਅਤੇ ਪੁਨਰ-ਵਿਆਖਿਆ ਦਾ ਦੌਰ ਸ਼ੁਰੂ ਹੁੰਦਾ ਹੈ। ਟੀਕਿਆਂ ਅਤੇ ਪਰਮਾਰਥਾਂ ਦੇ ਰੂਪ ਵਿਚ ਕੀਤੀ ਜਾਣ ਵਾਲੀ ਇਹ ਵਿਆਖਿਆ ਨਿਰੰਤਰ ਹੁੰਦੀ ਰਹੀ ਹੈ ਅਤੇ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ। ਇਸ ਸਮੁੱਚੇ ਕਾਰਜ ਦਾ ਪ੍ਰਯੋਜਨ ਭਿੰਨ-ਭਿੰਨ ਵਿਆਖਿਆ-ਵਿਧੀਆਂ ਦੀ ਸਹਾਇਤਾ ਰਾਹੀਂ ਗੁਰਬਾਣੀ ਦੇ ਸਿਰਜਿਤ ਸੰਦੇਸ਼ ਨੂੰ ਯੁੱਗ-ਅਨੁਕੂਲ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨਾ ਹੀ ਰਿਹਾ ਹੈ।

[10]ਵਾਰਾਂ ਭਾਈ ਗੁਰਦਾਸ : ਵਾਰ ਪਹਿਲੀ

ਗੁਰਬਾਣੀ ਵਿਆਖਿਆ ਦਾ ਇਹ ਸਿਲਸਿਲਾ ਵਰਤਮਾਨ ਤਕ ਜਾਰੀ ਹੈ। ਦੇਖਣਾ ਇਹ ਹੈ ਕਿ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਨੇ ਆਪਣੇ ਲੰਮੇ ਇਤਿਹਾਸਕ ਸਫ਼ਰ ਦੌਰਾਨ ਸਿਧਾਂਤ ਅਤੇ ਵਿਧੀ ਦੇ ਹਵਾਲੇ ਨਾਲ ਕਿਸ ਕਿਸਮ ਦੇ ਸਰੋਕਾਰਾਂ ਅਤੇ ਸੰਦਰਭਾਂ ਨੂੰ ਸੰਬੋਧਿਤ ਹੋਣ ਦਾ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਇਹ ਦੇਖਣਾ ਵੀ ਬਣਦਾ ਹੈ ਕਿ ਚਿੰਤਨ ਅਤੇ ਚੇਤਨਾ ਦੇ ਵਰਤਮਾਨ ਪਰਿਪੇਖ ਵਿਚ, ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਨੂੰ ਪੁਨਰ-ਪ੍ਰਾਸੰਗਿਕ ਬਣਾਉਣ ਲਈ ਇਹ ਵਿਆਖਿਆ-ਸ਼ਾਸਤਰ ਕਿਸ ਕਿਸਮ ਦੀ ਭੂਮਿਕਾ ਨਿਭਾਉਂਦਾ ਹੈ। ਇਸ ਮੰਤਵ ਲਈ ਅਸੀਂ ਇਸ ਮਹਾਂ-ਗ੍ਰੰਥ ਦੇ ਪਾਠ ਅਤੇ ਪ੍ਰਵਚਨ ਨੂੰ ਸਮਕਾਲੀ ਸਰੋਕਾਰਾਂ ਅਤੇ ਗਿਆਨ-ਸ਼ਾਸਤਰ ਦੇ ਅਜੋਕੇ ਸੰਦਰਭ ਰੱਖਕੇ ਵਾਚਣ ਅਤੇ ਵਿਚਾਰਨ ਦਾ ਜਤਨ ਕੀਤਾ ਹੈ।ਅਸਲ ਵਿਚਵਿਰਸੇ ਨੂੰ ਵਰਤਮਾਨ ਵਿਚ ਸਾਰਥਕ ਅਤੇ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਦੀ ਇਹ ਲੋਚਾ ਹੀ ਕਿਸੇ ਧਾਰਮਿਕ ਪਰੰਪਰਾ ਦੇ ਪ੍ਰਗਤੀਸ਼ੀਲ ਅਤੇ ਜੀਵੰਤ ਹੋਣ ਦੀ ਨਿਸ਼ਾਨੀ ਹੁੰਦੀ ਹੈ। ਇਤਿਹਾਸ ਦੇ ਕਿਸੇ ਦੌਰ ਵਿਚ ਜਦੋਂ ਕੋਈ ਧਾਰਮਿਕ ਭਾਈਚਾਰਾ ਯਥਾਰਥ ਦੇ ਬਦਲੇ ਹੋਏ ਪਰਿਪੇਖ ਵਿਚ ਅਜਿਹਾ ਕਰਨ ਤੋਂ ਖੁੰਝ ਜਾਂਦਾ ਹੈ ਤਾਂ ਕਈ ਵਾਰੀ ਇਤਿਹਾਸਕ ਗਤੀ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਮੂਲਵਾਦੀ ਪ੍ਰਵਿਰਤੀਆਂ ਉੱਭਰ ਆਉਂਦੀਆ ਹਨ ਅਤੇ ਗੰਭੀਰ ਕਿਸਮ ਦੇ ਸਭਿਆਚਾਰਕ ਸੰਕਟ ਨੂੰ ਜਨਮ ਦਿੰਦੀਆਂ ਹਨ।

ਵਿਆਖਿਆਕਾਰੀ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਸਮਕਾਲੀਨ ਪ੍ਰਾਸੰਗਿਕਤਾ ਨੂੰ ਉਜਾਗਰ ਕਰਨ ਦਾ ਮਸਲਾ ਇਕ ਪਾਸੇ ਤਾਂ ਇਸਦੇ ਮੂਲ ਸਿਰਜਣਾਤਮਕ ਸੰਦਰਭ ਨਾਲ ਜੁੜਿਆ ਹੋਇਆ ਹੈ ਜਿਸਦੇ ਅੰਤਰਗਤ ਇਸ ਦੀ ਰਚਨਾ ਹੋਈ ਹੈ ਅਤੇ ਦੂਸਰੇ ਪਾਸੇ ਇਹ ਅਜੋਕੇ ਦੌਰ ਦੇ ਉਸ ਗਿਆਨ-ਸ਼ਾਸਤਰ ਨਾਲ ਸੰਬੰਧ ਰੱਖਦਾ ਹੈ ਜਿਸਦੇ ਅੰਤਰਗਤ ਇਸ ਦੀ ਵਿਆਖਿਆ ਜਾਂ ਪੁਨਰ-ਵਿਆਖਿਆ ਕੀਤੀ ਜਾਣੀ ਹੈ। ਇਹ ਦੋਵੇਂ ਸੰਦਰਭ ਇਕ ਦੂਸਰੇ ਨਾਲੋਂ ਬਿਲਕੁਲ ਵੱਖਰੇ ਹਨ। ਪਹਿਲਾ ਸੰਦਰਭ ਭਾਰਤ ਦੀ ਉਸ ਸਨਾਤਨ ਗਿਆਨ ਪਰੰਪਰਾ ਨਾਲ ਸੰਬੰਧ ਰੱਖਦਾ ਹੈ ਜਿਸਦੇ ਅੰਤਰਗਤ ਇਸ ਦਾ ਪਾਠ ਅਤੇ ਪ੍ਰਵਚਨ ਹੋਂਦ ਗ੍ਰਹਿਣ ਕਰਦਾ ਹੈ ਅਤੇ ਦੂਸਰਾ ਵਰਤਮਾਨ ਵਿਦਿਆ-ਪ੍ਰਣਾਲੀ ਦੇ ਸਿਰਜੇ ਹੋਏ ਗਿਆਨ-ਸ਼ਾਸਤਰੀ ਮਾਹੌਲ ਨਾਲ ਜੁੜਿਆ ਹੋਇਆ ਹੈ। ਪੱਛਮੀ ਸਾਹਿਤ-ਸਭਿਆਚਾਰ ਦੇ ਪ੍ਰਭਾਵ ਰਾਹੀਂ ਜਿਸ ਆਧੁਨਿਕ ਚਿੰਤਨ ਅਤੇ ਚੇਤਨਾ ਦਾ ਅੱਜ ਬੋਲ-ਬਾਲਾ ਹੈ ਉਹ ਗੁਰੂ ਗ੍ਰੰਥ ਸਾਹਿਬ ਸਮੇਤ ਸਮੁੱਚੀ ਭਾਰਤੀ ਗਿਆਨ-ਪਰੰਪਰਾ ਨਾਲੋਂ ਬਿਲਕੁਲ ਵੱਖਰਾ ਹੈ। ਇਸ ਦੀ ਚਿੰਤਨ-ਸ਼ੈਲੀ ਅਤੇ ਵਿਆਖਿਆ-ਵਿਧੀ ਹੀ ਵੱਖਰੀ ਨਹੀਂ ਸਗੋਂ ਇਸਦੇ ਗਿਆਨ-ਮੂਲਕ ਸਰੋਕਾਰ ਵੀ ਵੱਖਰੇ ਹਨ।

ਅਤੀਤ ਕਾਲ ਵਿਚ ਰਚੇ ਗਏ ਕਿਸੇ ਵੀ ਪਾਠ ਦੇ ਸੰਦਰਭ ਵਿਚ ਪ੍ਰਾਸੰਗਿਕਤਾ ਦਾ ਇਹ ਮਸਲਾ ਸੁਭਾਵਕ ਹੀ ਸਾਹਮਣੇ ਆਉਂਦਾ ਹੈ। ਹਰ ਮਾਨਵ-ਸਿਰਜਿਤ ਪਾਠ, ਅਨੁਭਵ ਅਤੇ ਗਿਆਨ ਦੇ ਧਰਾਤਲ ਉੱਤੇ, ਆਪਣੇ ਵੇਲੇ ਦੀਆਂ ਸਾਮਾਜਿਕ, ਸਭਿਆਚਾਰਕ ਅਤੇ ਇਤਿਹਾਸਕ ਸਥਿਤੀਆਂ ਦੀ ਉਪਜ ਹੁੰਦਾ ਹੈ। ਇਹ ਅਨੁਭਵ ਅਤੇ ਗਿਆਨ ਧਰਾਤਲ ਉੱਤੇ ਸਮੇਂ ਨਾਲ ਰਚਾਇਆ ਅਜਿਹਾ ਸੰਵਾਦ ਹੁੰਦਾ ਹੈ ਜੋ ਆਪਣੇ ਵੇਲੇ ਦੀਆਂ ਹੋਂਦ-ਮੁਖੀ ਸਥਿਤੀਆਂ ਅਤੇ ਚੁਣੌਤੀਆਂ ਨੂੰ ਸੰਬੋਧਿਤ ਹੁੰਦਾ ਹੈ। ਪਰ ਇਸਦੇ ਨਾਲ ਹੀ ਇਸ ਵਿਚ ਅਰਥ-ਸਾਰਥਕਤਾ ਦੀਆਂ ਭਵਿਖਾਰਥੀ ਸੰਭਾਵਨਾਵਾਂ ਵੀ ਮੌਜੂਦ ਹੁੰਦੀਆਂ ਹਨ। ਅਜਿਹਾ ਹੋਣਾ ਸੁਭਾਵਕ ਹੈ ਤੇ ਇਹ ਗੱਲ ਹਰ ਸਿਜਿਤ ਪਾਠ ਉੱਤੇ ਲਾਗੂ ਹੁੰਦੀ ਹੈ। ਪਰ ਇੱਥੇ

ਸਹਿਵਨ ਹੀ ਸਾਡੇ ਮਨ ਵਿਚ ਇਕ ਪ੍ਰਸ਼ਨ ਉੱਭਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਮਕਾਲੀਨ ਪ੍ਰਾਸੰਗਿਕਤਾ ਦੇ ਨੁਕਤੇ ਤੋਂ ਵਿਚਾਰਨਾ ਕਿਉਂ ਜ਼ਰੂਰੀ ਹੈ? ਕੀ ਇਸ ਵਿਚ ਪੇਸ਼ ਹੋਏ ਮਸਲੇ ਅਤੇ ਸਰੋਕਾਰ ਸਿਰਫ਼ ਅਤੀਤ ਨਾਲ ਹੀ ਸੰਬੰਧਿਤ ਹਨ ਜਿਨ੍ਹਾਂ ਦਾ ਵਰਤਮਾਨ ਨਾਲ ਕੋਈ ਲਾਗਾ-ਦੇਗਾ ਨਹੀਂ? ਕੀ ਇਸ ਦੀ ਸ਼ਬਦਾਵਲੀ ਅਤੇ ਇਸ ਦਾ ਭਾਸ਼ਾਈ ਮੁਹਾਵਰਾ ਅਜੋਕੇ ਸੰਦਰਭ ਵਿਚ ਓਪਰਾ ਬਣ ਚੁੱਕਿਆ ਹੈ? ਅਤੇ ਕੀ ਇਸ ਦਾ ਸੰਦੇਸ਼ ਅੱਜ ਦੇ ਮਨੁੱਖ ਦੀਆਂ ਜੀਵਨ-ਸਥਿਤੀਆਂ ਨਾਲ ਮੇਲ ਨਹੀਂ ਖਾਂਦਾ? ਅਸਲ ਵਿਚ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਪਿਛੋਕੜ ਵਿਚ ਇਹ ਧਾਰਣਾ ਕੰਮ ਕਰ ਰਹੀ ਹੈ ਕਿ ਇਸ ਗ੍ਰੰਥ ਦੀ ਸਿਰਜਣਾ ਅਤੇ ਸਾਡੇ ਸਮਕਾਲ ਵਿਚਕਾਰ ਸਮੇਂ ਦੀ ਵਿੱਥ ਹੈ। ਸਮੇਂ ਦੀ ਇਹ ਵਿੱਥ ਹੀ ਇਸਨੂੰ ਵਰਤਮਾਨ ਦੇ ਬਦਲੇ ਹੋਏ ਪਰਿਪੇਖ ਵਿਚ ਪ੍ਰਾਸੰਗਿਕ ਬਣਾਕੇ ਗ੍ਰਹਿਣ ਕਰਨ ਦਾ ਬੁਨਿਆਦੀ ਤਰਕ ਪੇਸ਼ ਕਰਦੀ ਹੈ।

ਪਰ ਸਮੇਂ ਦੀ ਇਸ ਵਿੱਥ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਲਈ ਬੀਤੇ ਹੋਏ ਸਮੇਂ ਦੀ ਗੱਲ ਨਹੀਂ ਅਤੇ ਨਾ ਹੀ ਇਸ ਦਾ ਪਾਠ ਤੇ ਪ੍ਰਵਚਨ ਸਾਡੇ ਲਈ ਬਿਲਕੁਲ ਓਪਰਾ ਜਾਂ ਅਜਨਬੀ ਹੈ। ਸੱਚ ਤਾਂ ਇਹ ਹੈ ਕਿ ਇਹ ਪ੍ਰਵਚਨ ਅੱਜ ਵੀ ਇਕ ਜੀਵੰਤ ਪਰੰਪਰਾ ਦੇ ਰੂਪ ਵਿਚ ਪੰਜਾਬੀ ਬੰਦੇ ਦੀ ਸਿਮਰਤੀ ਵਿਚ ਵਸਿਆ ਹੋਇਆ ਹੈ। ਖ਼ਾਸ ਤੌਰ ਤੇ ਸਿੱਖ ਸਮਾਜ ਤਾਂ ਬਾਣੀ ਦੇ ਇਸ ਪ੍ਰਵਚਨ-ਸੰਸਾਰ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਆਪਣੇ ਰੋਜ਼ਾਨਾ ਜੀਵਨ ਵਿਚ ਇਸ ਤੋਂ ਪ੍ਰੇਰਣਾ ਅਤੇ ਅਗਵਾਈ ਗ੍ਰਹਿਣ ਕਰਦਾ ਹੈ। ਹਕੀਕਤ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਇਸ ਪਾਵਨ ਪਾਠ ਨੂੰ ਇਸਦੇ ਸਿਰਜਣ ਕਾਲ ਤੋਂ ਹੀ ਪੀੜ੍ਹੀ-ਦਰ-ਪੀੜ੍ਹੀ ਪੜ੍ਹਿਆ/ਸੁਣਿਆ ਅਤੇ ਵਿਚਾਰਿਆ ਜਾਂਦਾ ਰਿਹਾ ਹੈ। ਵਿਰਸੇ ਦੇ ਇਸ ਪਾਠ ਨੂੰ ਹਰ ਆਉਣ ਵਾਲੀ ਪੀੜ੍ਹੀ ਨੇ ਆਪਣੀ ਚੇਤਨਾ ਅਤੇ ਸੰਵੇਦਨਾ ਦੇ ਨੁਕਤੇ ਤੋਂ ਵਾਚਿਆ ਅਤੇ ਵਿਚਾਰਿਆ ਹੈ ਅਤੇ ਆਪਣੇ ਵੇਲੇ ਦੀਆਂ ਸਥਿਤੀਆਂ ਅਤੇ ਚੁਣੌਤੀਆਂ ਨੂੰ ਮੁੱਖ ਰੱਖਦਿਆਂ ਇਸ ਦੀ ਅਰਥ-ਸਾਰਥਕਤਾ ਨੂੰ ਗ੍ਰਹਿਣ ਕੀਤਾ ਹੈ। ਇੱਥੇ ਮਸਲਾ ਸਿਰਜਿਤ ਪਾਠ (ਲਿਖਤ) ਅਤੇ ਉਸ ਦੀ ਪੜ੍ਹਤ ਨਾਲ ਸੰਬੰਧ ਰੱਖਦਾ ਹੈ। ਅਸਲ ਵਿਚ ਹਰ ਲਿਖਤ ਦੀ ਰਚਨਾ-ਸੰਰਚਨਾ ਅੰਦਰ ਅਰਥਾਂ ਦੀਆਂ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ ਜੋ ਇਕ ਤੋਂ ਬਹੁਤੀਆਂ ਪੜ੍ਹਤਾਂ ਨੂੰ ਜਨਮ ਦਿੰਦੀਆਂ ਹਨ। ਦੇਖਿਆ ਜਾਵੇ ਤਾਂ ਕਿਸੇ ਵੀ ਪਾਠ ਦੀ ਹਰ ਨਵੀਂ ਪੜ੍ਹਤ ਉਸਦਾ ਪੁਨਰ-ਪਾਠ ਉਸਾਰਦੀ ਹੈ ਜੋ ਮੂਲ ਪਾਠ ਨਾਲ ਨਜ਼ਦੀਕੀ ਸਾਂਝ ਰੱਖਦਾ ਹੋਇਆ ਵੀ ਉਸ ਨਾਲੋਂ ਭਿੰਨ ਅਤੇ ਵਿਲੱਖਣ ਹੋ ਨਿਬੜਦਾ ਹੈ। ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਵਿਚ 'ਪਾਠ' ਦਾ ਅਰਥ 'ਪੜ੍ਹਨਾ' ਵੀ ਹੈ ਅਤੇ 'ਪੜ੍ਹਨਯੋਗ ਲਿਖਤ' (*text*) ਵੀ। ਇਸ ਤਰ੍ਹਾਂ ਜੇ ਪਾਠ ਦਾ ਇਕ ਅਰਥ ਪੜ੍ਹਨ ਦੀ ਕਿਰਿਆ ਵਲ ਸੰਕੇਤ ਕਰਦਾ ਹੈ ਤਾਂ ਦੂਸਰਾ ਰਚਨਾ ਦੇ ਸੰਗਠਿਤ-ਪ੍ਰਬੰਧ ਵਲ। ਇਸੇ ਲਈ ਅਸੀਂ ਕਿਸੇ ਰਚਨਾ ਦੀ ਨਵੀਂ ਪੜ੍ਹਤ ਜਾਂ ਉਸ ਦੇ ਪੁਨਰ-ਪਾਠ (*re-reading*) ਨੂੰ ਉਸ ਪਾਠ ਦੀ ਪੁਨਰ-ਵਿਆਖਿਆ (*re-interpretation*) ਵੀ ਆਖ ਸਕਦੇ ਹਾਂ।

ਵਿਆਖਿਆ ਅਤੇ ਪੁਨਰ-ਵਿਆਖਿਆ ਦੇ ਹਵਾਲੇ ਨਾਲ 'ਲਿਖਤ' ਅਤੇ 'ਪੜ੍ਹਤ' ਦੇ ਉਪਰੋਕਤ ਰਿਸ਼ਤੇ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਲ ਪਰਤਦੇ ਹਾਂ ਤਾਂ ਇਸਦੇ ਅਧਿਐਨ ਤੇ ਵਿਸ਼ਲੇਸ਼ਣ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਾਲੀਆਂ ਕਈ ਮਹੱਤਵਪੂਰਣ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਮੁੱਢਲੀ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ ਸਾਨੂੰ ਲਿਖਤੀ ਪਾਠ (ਜਾਂ ਲਿਖਤ) ਦੇ ਰੂਪ ਵਿਚ ਪ੍ਰਾਪਤ ਹੈ ਜਿਸ ਨੂੰ ਮਨ-ਮਰਜ਼ੀ

ਅਨੁਸਾਰ ਬਦਲਿਆ ਨਹੀਂ ਜਾ ਸਕਦਾ। ਪ੍ਰਚੱਲਤ ਰਵਾਇਤ ਅਨੁਸਾਰ ਅਜਿਹਾ ਕਰਨ ਦੀ ਸਖ਼ਤ ਮਨਾਹੀ ਵੀ ਕੀਤੀ ਗਈ ਹੈ। ਪਰ ਇਹ ਗੱਲ ਇਸ ਦੀ ਪੜ੍ਹਤ ਉੱਤੇ ਲਾਗੂ ਨਹੀਂ ਹੁੰਦੀ। ਇਹ ਠੀਕ ਹੈ ਕਿ ਹਰ ਇਮਾਨਦਾਰ ਪੜ੍ਹਤ ਮੂਲ ਪਾਠ ਦੀ ਸੀਮਾ-ਰੇਖਾ ਵਿਚ ਵਿਚਰਦੀ ਹੈ। ਇਹ ਉਸਦਾ ਉਲੰਘਣ ਨਹੀਂ ਕਰ ਸਕਦੀ। ਪਰ ਤਾਂ ਵੀ ਹਰ ਪੜ੍ਹਨ ਵਾਲਾ ਕਿਸੇ ਪਾਠ ਨੂੰ ਆਪਣੇ ਸਰੋਕਾਰਾਂ ਦੀ ਰੌਸ਼ਨੀ ਵਿਚ ਨਵੇਂ ਸਿਰਿਓਂ ਪੜ੍ਹਦਾ ਤੇ ਵਿਚਾਰਦਾ ਹੈ ਜਿਸਦੇ ਸਿੱਟੇ ਵਜੋਂ ਹਰ ਨਵੀਂ ਪੜ੍ਹਤ ਕਿਸੇ ਵੀ ਪੂਰਬਲੀ ਪੜ੍ਹਤ ਨਾਲੋਂ ਭਿੰਨ ਅਤੇ ਵਿਲੱਖਣ ਹੋ ਨਿਬੜਦੀ ਹੈ। ਅਜਿਹਾ ਹੋਣਾ ਸੁਭਾਵਕ ਵੀ ਹੈ। ਸਮਕਾਲੀ ਮੁਹਾਵਰੇ ਅਨੁਸਾਰ ਇਹ ਵੀ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਿਰਜਿਤ ਪਾਠ ਤਾਂ ਉਹੀ ਹੈ ਪਰ ਇਸ ਦੀ ਪੜ੍ਹਤ ਬਦਲਦੀ ਰਹੀ ਹੈ। ਇਸ ਪਾਵਨ ਪਾਠ ਦੀ ਹਰ ਨਵੀਂ ਪੜ੍ਹਤ ਨੂੰ ਉਸ ਦੀ ਯੁੱਗ-ਅਨੁਕੂਲ ਨਵੀਂ ਵਿਆਖਿਆ ਵੀ ਮੰਨਿਆਂ ਜਾ ਸਕਦਾ ਹੈ। ਇਹ ਨਵੀਂ ਪੜ੍ਹਤ ਪਾਠ ਦੀ ਸੀਮਾ ਵਿਚ ਰਹਿੰਦੀ ਹੋਈ ਉਸ ਦੀ ਅਰਥ-ਸਾਰਥਕਤਾ ਦੇ ਨਵੇਂ ਆਯਾਮ ਤਲਾਸ਼ ਕਰਦੀ ਹੈ।

ਸਮਕਾਲ ਵਿਚ ਗੁਰਬਾਣੀ ਦੇ ਪ੍ਰਾਸੰਗਿਕ ਵਿਆਖਿਆ-ਸ਼ਾਸਤਰ ਦੀ ਉਸਾਰੀ ਦਾ ਮਸਲਾ ਭਾਰਤੀ ਅਤੇ ਪੱਛਮੀ ਗਿਆਨ-ਪ੍ਰਬੰਧਾਂ ਦੇ ਸੰਵਾਦ ਨਾਲ ਜੁੜਿਆ ਹੋਇਆ ਹੈ। ਇਸ ਵਿਆਖਿਆ-ਸ਼ਾਸਤਰ ਦਾ ਮੁੱਖ ਸਰੋਕਾਰ ਇਕ ਪਾਸੇ ਗੁਰਬਾਣੀ ਦੇ ਪਾਠ ਅਤੇ ਪ੍ਰਵਚਨ ਦੀਆਂ ਅਰਥ-ਸੰਚਾਰ ਜੁਗਤਾਂ ਦੇ ਵਿਸ਼ਲੇਸ਼ਣ ਨਾਲ ਹੈ ਜਿਸਦੇ ਅੰਤਰਗਤ ਇਸ ਦੀ ਭਾਸ਼ਾਈ ਬਣਤਰ ਅਤੇ ਅਤੇ ਕਾਵਿਕ ਸੰਰਚਨਾ ਆ ਜਾਂਦੀ ਹੈ। ਇਹ ਅਧਿਐਨ ਇਸ ਪਾਵਨ-ਪਾਠ ਦੇ ਅਰਥਾਂ ਨੂੰ ਖੋਲ੍ਹਣ ਅਤੇ ਉਨ੍ਹਾਂ ਦੀ ਪ੍ਰਸੰਗ-ਮੂਲਕ ਵਿਆਖਿਆ ਦਾ ਮੁੱਢਲਾ ਆਧਾਰ ਪ੍ਰਸਤੁਤ ਕਰਦਾ ਹੈ। ਇਸਦੇ ਨਾਲ ਹੀ ਗੁਰਬਾਣੀ ਦੇ ਪਾਠ-ਪ੍ਰਬੰਧ ਵਿਚ ਕਾਰਜਸ਼ੀਲ ਉਸ ਸੰਕਲਪੀ ਸ਼ਬਦਾਵਲੀ ਦਾ ਵਿਵੇਚਨ ਕਰਨ ਦੀ ਸਮੱਸਿਆ ਸਾਹਮਣੇ ਆਉਂਦੀ ਹੈ ਜੋ ਇਸਦੇ ਸਮਕਾਲੀਨ ਸਮਾਜ-ਸਭਿਆਚਾਰ, ਧਰਮ ਅਤੇ ਦਰਸ਼ਨ ਨਾਲ ਸੰਬੰਧਿਤ ਹੈ। ਅੱਜ ਅਸੀਂ ਵਿਸ਼ਵੀਕਰਨ ਦੇ ਜਿਸ ਦੌਰ ਵਿਚ ਜਿਉਂ ਰਹੇ ਹਾਂ ਉਸਨੂੰ ਆਧੁਨਿਕਤਾ ਜਾਂ ਉੱਤਰ-ਆਧੁਨਿਕਤਾ ਦਾ ਦੌਰ ਆਖਿਆ ਜਾਂਦਾ ਹੈ। ਇਹ ਦੌਰ ਗਲੋਬਲ ਚੇਤਨਾ ਅਤੇ ਸਮਾਨੰਤਰ ਗਿਆਨ-ਪ੍ਰਬੰਧਾਂ ਦਾ ਦੌਰ ਹੈ। ਅਜਿਹੀ ਸਥਿਤੀ ਵਿਚ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਨੂੰ ਇਕ ਵਾਰੀ ਫੇਰ ਪੁਨਰ-ਪਰਿਭਾਸ਼ਿਤ ਕਰਨ ਦੀ ਚੁਣੌਤੀ ਦਰਪੇਸ਼ ਹੈ। ਸਮਕਾਲ ਦੀਆਂ ਬਦਲੀਆਂ ਹੋਈਆਂ ਮਾਨਵੀ ਸਥਿਤੀਆਂ ਅਤੇ ਚਣੌਤੀਆਂ ਦੇ ਰੂ-ਬ-ਰੂ ਹੋ ਕੇ ਜਦੋਂ ਅਸੀਂ ਆਪਣੇ ਵਿਰਸੇ ਦੇ ਇਸ ਪਾਵਨ-ਪਾਠ ਨੂੰ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਦਾ ਉਪਰਾਲਾ ਕਰਦੇ ਹਾਂ ਤਾਂ ਇਸ ਕਿਸਮ ਦੀ ਪੁਨਰ-ਵਿਆਖਿਆ ਲਾਜ਼ਮੀ ਪ੍ਰਤੀਤ ਹੁੰਦੀ ਹੈ।